## ਮਨਮੋਹਨ ਬਾਵਾ ਦਾ ਰਚਨਾ-ਸੰਸਾਰ ਅਤੇ ਯੁੱਧ-ਨਾਦ

ਮਨਮੋਹਨ ਬਾਵਾ ਦਾ ਨਾਮ ਜ਼ਿਹਨ ਵਿਚ ਆਉਂਦਿਆਂ ਹੀ ਇਕ ਖੋਜੀ ਬਿਰਤੀ ਵਾਲੇ ਖ਼ਾਨਾਬਦੋਸ਼ ਸੈਲਾਨੀ, ਸੰਵੇਦਨਸ਼ੀਲ ਕਲਾਕਰ ਅਤੇ ਪ੍ਰਬੁੱਧ ਕਹਾਣੀਕਾਰ ਦੀ ਬਹੁ-ਰੰਗੀ ਸ਼ਖ਼ਸੀਅਤ ਦਾ ਚਿਹਰਾ-ਮੁਹਰਾ ਆਪ-ਮੁਹਾਰੇ ਹੀ ਸਾਕਰ ਹੋ ਉਠਦਾ ਹੈ। ਬਾਹਰੋਂ ਖੁਲ੍ਹੀ-ਡੁਲ੍ਹੀ ਅਤੇ ਮਸਤ ਮਲੰਗ ਜਾਪਣ ਵਾਲੀ ਇਸ ਸ਼ਖ਼ਸੀਅਤ ਦੇ ਮਨ-ਅੰਤਰ ਵਿਚ ਅੰਤਾਂ ਦੀ ਸੰਜੀਦਗੀ ਤੇ ਸਹਿਰਦਤਾ ਦਾ ਵਾਸਾ ਹੈ। ਇਸ ਗੱਲ ਦਾ ਪ੍ਰਮਾਣ ਉਸਦੀਆਂ ਲਿਖਤਾਂ ਵਿਚੋਂ ਭਲੀ ਭਾਂਤ ਮਿਲ ਜਾਂਦਾ ਹੈ। ਆਪਣੇ ਉਦਾਸੀਆਂ ਵਰਗੇ ਰਟਨ ਦੌਰਾਨ ਇਹ ਲੇਖਕ  ਦੇਸ-ਬਦੇਸ, ਪਰਬਤ-ਪਰਬਤ, ਜੰਗਲ-ਜੰਗਲ ਅਤੇ ਦੂਰ-ਦੁਰਾਡੇ ਸ਼ਹਿਰ-ਗਰਾਵਾਂ ਵਿਚ ਵਸਦੇ ਵਿਭਿੰਨ ਕਬੀਲਿਆਂ ਤੇ ਸਭਿਆਚਾਰਾਂ ਦੇ ਮਨੋ-ਸੰਸਾਰ ਵਿਚੋਂ ਗੁਜ਼ਰਿਆ ਹੈ। ਇਹ ਆਪਣੇ ਸੰਪਰਕ ਵਿਚ ਆਉਣ ਵਾਲੇ ਲੋਕਾਂ ਦੀ ਜੀਵਨ ਵਿਧੀ ਅਤੇ ਆਚਾਰ ਵਿਹਾਰ ਨੂੰ ਗਹੁ ਨਾਲ ਵਾਚਦਾ ਰਿਹਾ ਹੈ। ਇਸਦੇ ਨਾਲ ਹੀ ਇਹ ਸਥਾਨਕ ਸਭਿਆਚਰਾਂ ਦੀਆਂ ਲੋਕਧਾਰਾਈ ਰਵਾਇਤਾਂ, ਇਤਿਹਾਸ ਅਤੇ ਮਿਥਿਹਾਸ ਦਾ ਵੀ ਨੀਝ ਨਾਲ ਮੁਆਇਨਾ ਕਰਦਾ ਰਿਹਾ ਹੈ। ਸੱਚ ਤਾਂ ਇਹ ਹੈ ਕਿ ਲੋਕ ਵਿਰਸੇ ਦੀਆਂ ਇਨ੍ਹਾਂ ਕਥਾ-ਕਹਾਣੀਆਂ ਅਤੇ ਰੀਤਾਂ-ਰਵਾਇਤਾਂ ਦੇ ਪਿਛੋਕੜ ਵਿਚ ਲੁਕੇ ਹੋਏ ਇਤਿਹਾਸ ਦੀਆਂ ਪਰਤਾਂ ਨੂੰ ਫਰੋਲਣਾ ਮਨਮੋਹਨ ਬਾਵਾ ਦਾ ਨਿਰਾ ਪੁਰਾ ਸ਼ੌਕ ਨਹੀਂ ਸਗੋਂ ਗਿਆਨ-ਮੂਲਕ ਸਰੋਕਾਰ ਬਣ ਗਿਆ ਹੈ। ਇਸ ਵਿਲੱਖਣ ਭਾਂਤ ਦੇ ਅਨੁਭਵ ਅਤੇ ਬੋਧ ਨੇ ਉਸਦੀ ਸਿਰਜਣਾਤਮਕ ਪ੍ਰਤਿਭਾ ਨੂੰ ਡੂੰਘੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ।

ਮਨਮੋਹਨ ਬਾਵਾ ਨੇ ਆਪਣੇ ਸਾਹਿਤ ਸਫ਼ਰ ਦੀ ਸ਼ੁਰੂਆਤ **ਇਕ ਰਾਤ** ਕਹਾਣੀ-ਸੰਗ੍ਰਹਿ ਨਾਲ ਕੀਤੀ ਸੀ। ਭਾਵੇ ਕਹਾਣੀ ਕਲਾ ਦੇ ਨੁਕਤੇ ਤੋਂ ਇਹ ਉਸਦਾ ਮੁੱਢਲਾ ਜਤਨ ਸੀ ਪਰ ਇਸ ਸੰਗ੍ਰਹਿ ਦੀਆਂ ਕਹਾਣੀਆਂ ਨਿਤ ਜੀਵਨ ਦੇ ਯਥਾਰਥਕ ਮਸਲਿਆਂ ਨੂੰ ਸਹਿਜ ਅਤੇ ਸਰਲ ਢੰਗ ਨਾਲ ਪੇਸ਼ ਕਰਨ ਵਲ ਰੁਚਿਤ ਹੁੰਦੀਆਂ ਹਨ ਅਤੇ ਉਸਦੀ ਗਲਪੀ ਸਮਰਥਾ ਦਾ ਭਰੋਸੇਯੋਗ ਪ੍ਰਮਾਣ ਪੇਸ਼ ਕਰਦੀਆਂ ਹਨ। ਇਸ ਤੋਂ ਬਾਦ ਉਸਦਾ ਦੂਸਰਾ ਕਹਾਣੀ ਸੰਗ੍ਰਹਿ **ਚਿੱਟੇ ਘੋੜੇ ਦਾ ਸਵਾਰ** ਸਾਮ੍ਹਣੇ ਆਇਆ ਜਿਸ ਵਿਚ ਉਸਦੀ ਗਲਪ-ਚੇਤਨਾ ਹੋਰ ਵਧੇਰੇ ਪ੍ਰਪੱਕ ਹੋਕੇ ਨਿੱਖਰੀ। ਇਸ ਪੁਸਤਕ ਨੂੰ ਪੰਜਾਬੀ ਪਾਠਕਾਂ ਦਾ ਹੀ ਸੁਹਿਰਦ ਹੁੰਘਾਰਾ ਪ੍ਰਾਪਤ ਨਹੀਂ ਹੋਇਆ ਸਗੋਂ ਇਸਨੇ ਪੰਜਾਬੀ ਦੇ ਅਕਾਦਮਿਕ ਹਲਕਿਆਂ ਨੂੰ ਵੀ ਉਚੇਚੇ ਤੌਰ ਤੇ ਆਕਰਸ਼ਿਤ ਕੀਤਾ। ਇਨ੍ਹਾਂ ਦੋਹਾਂ ਕਹਾਣੀ ਸੰਗ੍ਰਹਿਆਂ ਵਿਚ ਮਨਮੋਹਨ ਬਾਵਾ ਆਪਣੇ ਨਵੇਕਲੀ ਭਾਂਤ ਦੇ ਗਲਪੀ ਮੁਹਾਵਰੇ ਦੀ ਤਲਾਸ਼ ਵਿਚ ਜੁਟਿਆਂ ਹੋਇਆ ਨਜ਼ਰ ਆਉਂਦਾ ਹੈ ਜਿਸ ਵਿਚ ਉਸਨੂੰ ਕਾਫੀ ਹੱਦ ਤਕ ਸਫਲਤਾ ਵੀ ਪ੍ਰਾਪਤ ਹੋਈ।

ਅਸਲ ਵਿਚ ਮਨਮੋਹਨ ਬਾਵਾ ਦੀ ਗਲਪੀ ਵਿਲੱਖਣਤਾ ਅਤੇ ਹਸਤਾਖਰੀ ਪਛਾਣ ਸਥਾਪਿਤ ਕਰਨ  ਵਿਚ ਉਸਦੇ ਦੋ ਅਗਲੇਰੇ ਕਹਾਣੀ ਸੰਗ੍ਰਹਿਆਂ ਨੇ ਮਹੱਤਵਪੂਰਣ ਭਮਿਕਾ ਨਿਭਾਈ ਹੈ। ਇਹ ਕਹਾਣੀ ਸੰਗ੍ਰਹਿ ਹਨ – **ਅਜਾਤ ਸੁੰਦਰੀ** ਅਤੇ **ਨਰ ਬਲੀ**। ਨਰ ਬਲੀ ਕਹਾਣੀ ਸੰਗ੍ਰਹਿ ਦੀ ਭੂਮਿਕਾ ਵਿਚ ਲੇਖਕ ਨੇ ਆਪਣੀ ਗਲਪ ਚੇਤਨਾ ਬਾਰੇ ਕਥਨ ਕਰਦਿਆਂ ਲਿਖਿਆ ਹੈ –

"ਜਦੋਂ ਮੈਂ ਗੰਭੀਰਤਾ ਨਾਲ ਲਿਖਣਾ ਸ਼ੁਰੂ ਕੀਤਾ ਅਤੇ ਜਦੋਂ ਤੋਂ ਆਪਣੇ ਆਪਣੇ ਆਲੇ ਦੁਆਲੇ ਦੀਆਂ ਸਮਾਜਿਕ, ਧਾਰਮਿਕ ਅਤੇ ਇਤਿਹਾਸਕ ਪਰਿਸਥਿਤੀਆਂ ਤੋਂ ਸੁਚੇਤ ਹੋਣ ਲੱਗਾ ਤਾਂ ਮੇਰੇ ਮਨ ਵਿਚ ਇਕ ਇੱਛਾ ਉਤਪੱਨ ਹੋਈ ਕਿ ਮੈਂ ਇਤਿਹਾਸ ਅਤੇ ਮਿਥਿਹਾਸ ਦੀਆਂ ਉਨ੍ਹਾਂ ਘਟਨਾਵਾਂ ਅਤੇ ਲੋਕ ਕਥਾਵਾਂ ਨੂੰ ਆਪਣੀਆਂ ਕਹਾਣੀਆਂ ਦੁਆਰਾ ਮੁੜ ਜਾਗ੍ਰਿਤ ਕਰਾਂ ਜੋ ਸਾਡੀ ਅੱਜ ਦੀ ਅਵਚੇਤਨਾ, ਸਭਿਆਚਾਰ ਅਤੇ ਸੰਸਕਾਰਾਂ ਦਾ ਅਟੁੱਟ ਹਿੱਸਾ ਬਣ ਗਈਆਂ ਹਨ ਅਤੇ ਜੋ ਆਪਣਾ ਚੰਗਾ ਜਾਂ ਮਾੜਾ ਪ੍ਰਭਾਵ ਪੀੜ੍ਹੀ ਦਰ ਪੀੜ੍ਹੀ ਭਾਰਤ ਦੇ, ਖਾਸ ਕਰਕੇ ਪੰਜਾਬ ਦੇ ਵਸਨੀਕਾਂ 'ਤੇ ਛੱਡ ਦੀਆਂ ਜਾ ਰਹੀਆਂ ਹਨ। ਮੇਰੀ ਖ਼ਾਹਿਸ਼ ਰੀ ਹੈ ਕਿ ਉਸ ਤਰ੍ਹਾਂ ਦੀਆਂ ਕਹਾਣੀਆਂ ਲਿਖਾਂ ਜ੍ਹਿਾਂ ਵਿਚ ਬੀਤੇ ਯੁੱਗ ਦੇ ਪਾਤਰ ਸਾਹ ਲੈਂਦੇ, ਤੁਰਦੇ ਫਿਰਦੇ, ਪਿਆਰ ਅਤੇ ਨਫ਼ਰਤ ਵਿਚ ਵਿਚਰਦੇ ਅਤੇ ਆਪਣੀਆਂ ਪਰਿਸਥਿਤੀਆਂ ਨਾਲ ਜੂਝਦੇ ਪ੍ਰਤੀਤ ਹੋਣ।"

(ਨਰ ਬਲੀ, ਪੰਨਾ – 7)

ਲੇਖਕ ਦੇ ਇਸ ਕਥਨ ਤੋਂ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਕਿ ਉਸਨੇ ਪ੍ਰਾਚੀਨ ਇਤਿਹਾਸ ਤੇ ਮਿਥਿਹਾਸ ਨੂੰ ਸੁਚੇਤ ਤੌਰ ਤੇ ਆਪਣੀ ਗਲਪ-ਸਾਧਨਾ ਦਾ ਪ੍ਰੇਰਣਾ ਸਰੋਤ ਬਣਾਉਣ ਦਾ ਉਪਰਾਲਾ ਕੀਤਾ ਹੈ। ਉਸਦੇ ਇਹ ਦੋਵੇਂ ਕਹਾਣੀ ਸੰਗ੍ਰਹਿ ਉਸਦੇ ਇਸ ਕਥਨ ਨੂੰ ਭਲੀ ਭਾਂਤ ਸਚਿਆਉਂਦੇ ਹਨ। ਇਨ੍ਹਾਂ ਕਹਾਣੀ ਸੰਗ੍ਰਹਿਆਂ ਵਿਚ ਰਿਗ ਵੇਦ ਅਤੇ ਬੋਧ ਕਾਲੀਨ ਭਾਰਤ ਦੇ ਮਾਨਵੀ ਯਥਾਰਥ ਤੋਂ ਲੈਕੇ ਨਿਕਟ ਸਮਕਾਲੀ ਇਤਿਹਾਸ ਨਾਲ ਸੰਬੰਧਿਤ ਸਥਿਤੀਆ ਨੂੰ ਬਿਰਤਾਂਤ ਦੇ ਸੰਗਠਨ ਵਿਚ ਢਾਲਣ ਦਾ ਜਤਨ ਕੀਤਾ ਗਿਆ ਹੈ। ਇਹ ਕਹਾਣੀਆਂ ਭਾਰਤ ਅਤੇ ਪੰਜਾਬ ਦੇ ਲੋਕ ਕਥਾ ਅਤੇ ਮਿੱਥ ਵਿਚ ਲੁਕੇ ਹੋਏ ਇਤਿਹਾਸ ਨੂੰ ਹੀ ਮੂਰਤੀਮਾਨ ਨਹੀਂ ਕਰਦੀਆਂ ਸਗੋਂ ਇਨ੍ਹਾਂ ਦੇ ਪਿਛੋਕੜ ਵਿਚ ਕਾਰਜਸ਼ੀਲ ਸੱਤਾ ਅਤੇ ਗਿਆਨ ਦੀ ਰਾਜਨੀਤੀ ਨੂੰ ਵੀ ਉਜਾਗਰ ਕਰਦੀਆਂ ਹਨ। ਇਹ ਜਿੱਥੇ ਬੀਤੇ ਯੁੱਗ ਦੇ ਅਤੀਤ ਕਾਲੀ ਸਾਮਾਜਿਕ, ਸਭਿਆਚਾਰਕ ਅਤੇ ਆਰਥਿਕ ਯਥਾਰਥ ਨੂੰ ਫਰੋਲਦੀਆਂ ਹਨ ਓਥੇ ਅਤੀਤ ਦੇ ਹਵਾਲੇ ਨਾਲ ਵਰਤਮਾਨ ਨੂੰ ਵੀ ਸੰਬੋਧਿਤ ਹੁੰਦੀਆ ਹਨ। ਸੱਚ ਤਾਂ ਇਹ ਹੈ ਕਿ ਇਨ੍ਹਾਂ ਦੇ ਮਾਧਿਅਮ ਰਾਹੀਂ ਸਮਕਾਲੀ ਸਰੋਕਾਰ ਵੀ ਪੁਨਰ-ਪਰਿਭਾਸ਼ਿਤ ਹੁੰਦੇ ਹਨ। ਇਹ ਗੱਲ ਪੰਜਾਬੀ ਗਲਪ ਦੇ ਖੇਤਰ ਵਿਚ ਇੰਨੀ ਸ਼ਿੱਦਤ ਨਾਲ ਪਹਿਲੀ ਵਾਰ ਵਾਪਰੀ ਹੈ।

ਇਤਿਹਾਕ ਪ੍ਰਸੰਗਾਂ ਨੂੰ ਲੈਕੇ ਪੰਜਾਬੀ ਵਿਚ ਕੁਝ ਮਹੱਤਵਪੂਰਣ ਇਤਿਹਾਸਕ ਨਾਵਲਾਂ ਦੀ ਰਚਨਾ ਤਾਂ ਅਵੱਸ਼ ਹੋਈ ਹੈ ਪਰ ਲੋਕ ਕਥਾ ਅਤੇ ਮਿੱਥ ਵਿਚ ਲੁਕੇ ਹੋਏ ਇਤਿਹਾਸ ਨੂੰ ਫਰੋਲਣ ਅਤੇ ਉਸਦੀ ਸਮਕਾਲੀਨ ਪ੍ਰਾਸੰਗਿਕਤਾ ਉਭਾਰਨ ਦਾ ਇਸ ਕਿਸਮ ਦਾ ਉਪਰਾਲਾ ਇਨ੍ਹਾਂ ਕਹਾਣੀ ਸੰਗ੍ਰਹਿਆਂ ਦੇ ਸਿਰਜਿਤ ਸੰਸਾਰ ਵਿਚ ਹੀ ਦ੍ਰਿਸ਼ਟੀਗੋਚਰ ਹੁੰਦਾ ਹੈ। ਇਹੀ ਕਾਰਣ ਹੈ ਕਿ ਇਨ੍ਹਾਂ ਕਹਾਣੀਆਂ ਦੇ ਮਾਧਿਅਮ ਰਾਹੀਂ ਮਨਮੋਹਨ ਬਾਵਾ ਇਕ ਵਿਲੱਖਣ ਕਥਾਕਾਰ ਦੇ ਰੂਪ ਵਿਚ ਸਾਮ੍ਹਣੇ ਆਇਆ ਹੈ ਅਤੇ ਉਸਨੂੰ ਪੰਜਾਬੀ ਪਾਠਕਾਂ ਅਤੇ ਆਲੋਚਕਾਂ ਵਲੋਂ ਭਰਪੂਰ ਹੁੰਘਾਰਾ ਪ੍ਰਾਪਤ ਹੋਇਆ ਹੈ।

ਮਨਮੋਹਨ ਬਾਵਾ ਦਾ ਨਵ-ਪ੍ਰਕਾਸ਼ਿਤ ਨਾਵਲ **ਯੁੱਧ-ਨਾਦ** ਵੀ ਉਸਦੀ ਇਸੇ ਕਿਸਮ ਦੀ ਸਿਰਜਣਾਤਮਕ ਪ੍ਰਤਿਭਾ ਦਾ ਅਵਿਸ਼ਕਾਰ ਹੈ। ਇਸ ਨਾਵਲ ਦੀ ਕਥਾ-ਵਸਤੂ ਸਿਕੰਦਰ ਕਾਲੀਨ ਭਾਰਤ ਅਤੇ ਪੰਜਾਬ ਨਾਲ ਸੰਬੰਧ ਰੱਖਦੀ ਹੈ। ਇਸ ਵਿਚ ਸੰਸਾਰ-ਵਿਜੇਤਾ ਹੋਣ ਦਾ ਦਾਅਵਾ ਕਰਨ ਵਾਲੇ ਅਖੌਤੀ ਸਿਕੰਦਰ ਮਹਾਨ ਦੀ ਧਾੜਵੀ ਮੁਹਿੰਮ ਦਾ ਵਰਣਨ ਹੈ। ਪਰ ਇਸ ਨਾਵਲ ਦੇ ਸਿਰਜਿਤ ਬਿਰਤਾਂਤ ਵਿਚ ਸਿਰਫ਼ ਸਿਕੰਦਰ ਦੀਆਂ ਬਹੁ-ਚਰਚਿਤ ਜਿੱਤਾਂ-ਹਾਰਾਂ ਅਤੇ ਔਕੜਾਂ

ਦਾ ਵੇਰਵਾ ਹੀ ਪੇਸ਼ ਨਹੀਂ ਕੀਤਾ ਗਿਆ ਸਗੋਂ ਉਸ ਵੇਲੇ ਦੇ ਪੰਜਾਬ (ਸਪਤ-ਸਿੰਧੂ) ਦੇ ਵਸਨੀਕਾਂ ਦੀ ਜੰਗਜੂ ਬਹਾਦਰੀ ਅਤੇ ਸਫਲ / ਅਸਫਲ ਰਣਨੀਤੀ ਦੀ ਗਾਥਾ ਵੀ ਬਿਆਨ ਕੀਤੀ ਗਈ ਹੈ। ਇੱਥੇ ਪੁਰੂ ਵੰਸ਼ ਦੇ ਸਮਰਾਟ ਪੁਰੂਵਰਸ਼ (ਪੋਰਸ) ਦੇ ਸਿਕੰਦਰ ਨਾਲ ਹੋਏ ਬਹੁ-ਚਰਚਿਤ ਯੁੱਧ ਦਾ ਬਿਰਤਾਂਤ ਵੀ ਪੇਸ਼ ਕੀਤਾ ਗਿਆ ਹੈ ਅਤੇ ਇਸਦੇ ਨਾਲ ਹੀ ਰਾਵੀ ਅਤੇ ਬਿਆਸ ਦੇ ਕੰਢੇ ਵਸਦੇ ਗਣਤੰਤਰੀ ਕਬੀਲਿਆਂ (ਜਨਪਦਾਂ) ਦੇ ਸਾਮਾਜਿਕ, ਸਭਿਆਚਾਰਕ ਅਤੇ ਇਤਿਹਾਸਕ ਦੀ ਪੁਨਰ-ਉਸਾਰੀ ਵੀ ਕੀਤੀ ਗਈ ਹੈ। ਯੂਨਾਨੀ ਇਤਿਹਾਸਕਾਰਾਂ ਨੇ ਸਿਰਫ਼ ਇਨ੍ਹਾਂ ਕਬੀਲਿਆਂ ਵਲੋਂ ਸਿਕੰਦਰ ਦੀਆਂ ਵਾਪਸ ਪਰਤ ਰਹੀਆਂ ਫੋਜਾਂ ਨੂੰ ਪਰੇਸ਼ਾਨ ਕਰਨ ਦਾ ਜ਼ਿਕਰ ਕੀਤਾ ਹੈ ਜਿਹੜਾ ਉਨ੍ਹਾਂ ਦੀ ਮਹਿਦੂਦ ਇਤਿਹਾਸ-ਦ੍ਰਿਸ਼ਟੀ ਦਾ ਪ੍ਰਮਾਣ ਹੈ।

ਅਸਲ ਵਿਚ ਕੋਈ ਵੀ ਇਤਿਹਾਸ ਨਿਰਪੱਖ ਜਾਂ ਵਸਤੂਮੂਲਕ ਹੋਣ ਦਾ ਦਾਅਵਾ ਨਹੀਂ ਕਰ ਸਕਦਾ। ਘਟਨਾਵਾਂ ਅਤੇ ਸਥਿਤੀਆਂ ਤਾਂ ਓਹੀ ਹੁੰਦੀਆਂ ਹਨ ਪਰ ਇਤਿਹਾਸਕਾਰ ਦੀ ਦ੍ਰਿਸ਼ਟੀ ਅਤੇ ਪ੍ਰਗਟਾਉ-ਵਿਧੀ ਉਨ੍ਹਾਂ ਨੂੰ ਆਪਣੇ ਰੰਗ ਵਿਚ ਰੰਗ ਦਿੰਦੀ ਹੈ। ਇਸ ਤਰ੍ਹਾਂ ਹਰ ਇਤਿਹਾਸ ਵਿਸ਼ੇਸ਼ ਕਿਸਮ ਦੀ ਅਰਥ-ਸਾਰਥਕਤਾ ਸਿਰਜਣ ਵਾਲੇ ਬਿਰਤਾਂਤ ਦੇ ਰੂਪ ਵਿਚ ਉਜਾਗਰ ਹੁੰਦਾ ਹੈ। ਯੂਨਾਨੀ ਇਤਿਹਾਸਕਾਰ ਲਈ ਸਿਕੰਦਰ ਸ਼ਕਤੀਸ਼ਾਲੀ ਯੋਧਾ ਅਤੇ ਨਾਇਕ ਹੈ। ਉਨ੍ਹਾਂ ਦੀ ਨਜ਼ਰ ਵਿਚ ਉਸਦੀਆਂ ਜਿੱਤਾਂ-ਹਾਰਾਂ ਹੀ ਅਹਿਮੀਅਤ ਰੱਖਦੀਆਂ ਹਨ। ਵਿਰਧੀਆਂ ਦੇ ਹੋਂਦ-ਮੁਖੀ ਸਰੋਕਾਰਾਂ ਅਤੇ ਉਨ੍ਹਾਂ ਦੇ ਸਭਿਆਚਾਰਕ ਯਥਾਰਥ ਨਾਲ ਉਨ੍ਹਾਂ ਦਾ ਕੋਈ ਵਾਸਤਾ ਨਹੀਂ ਹੁੰਦਾ। ਸੱਚ ਤਾਂ ਇਹ ਹੈ ਕਿ ਹਰ ਮੌਖਿਕ ਜਾਂ ਲਿਖਤੀ ਇਤਿਹਾਸ ਦੀ ਟੈਕਸਟ ਵਿਚ ਪ੍ਰਸਤੁਤ ਇਤਿਹਾਸ ਦੇ ਨਾਲ ਨਾਲ ਅਪ੍ਰਸਤੁਤ ਜਾਂ ਦਮਿਤ ਇਤਿਹਾਸ ਵੀ ਹੁੰਦਾ ਹੈ।

ਮਨਮੋਹਨ ਬਾਵਾ ਦਾ ਨਾਵਲੀ ਬਿਰਤਾਂਤ ਇਸੇ ਦਮਿਤ ਜਾਂ ਹਾਸ਼ੀਆਕ੍ਰਿਤ ਇਤਿਹਾਸ ਨੂੰ ਜ਼ੁਬਾਨ ਦਿੰਦਾ ਹੈ। ਸਿਕੰਦਰ ਦੀਆ ਪਰਤ ਰਹੀਆਂ ਫੋਜਾਂ ਨੂੰ ਪਰੇਸ਼ਾਨ ਕਰਨ ਵਾਲੇ ਇਹ ਲੋਕ ਕੌਣ ਸਨ ਅਤੇ ਇਨ੍ਹਾਂ ਦੀ ਗੁਰੀਲਾ ਯੁੱਧ-ਨੀਤੀ ਦਾ ਰਹੱਸ ਕੀ ਸੀ? **ਯੁੱਧ-ਨਾਦ** ਦਾ ਸਿਰਜਿਤ ਸੰਸਾਰ ਇਸੇ ਸਥਿਤੀ ਦੇ ਵਿਸ਼ਲੇਸ਼ਣ ਵਲ ਰੁਚਿਤ ਹੁੰਦਾ ਹੈ। ਉਸਨੂੰ ਇਨ੍ਹਾਂ ਜਨਪਦਾਂ ਦੀਆਂ ਲੋਕ-ਤੰਤਰੀ ਰਵਾਇਤਾਂ ਅਤੇ ਉਨ੍ਹਾਂ ਦੀ ਜੀਵਨ ਵਿਧੀ ਆਕਰਸ਼ਿਤ ਕਰਦੀ ਹੈ। ਉਸਨੂੰ ਇਨ੍ਹਾਂ ਕਬੀਲਿਆ ਦੀਆਂ ਗੁਰੀਲਾ ਕਾਰਵਾਈਆਂ ਆਤਮ-ਰੱਖਿਆ ਹਿਤ ਅਪਣਾਈ ਗਈ ਵਿਹਾਰਕ ਰਣਨੀਤੀ ਨਜ਼ਰ ਆਉਂਦੀ ਹੈ। ਇਸ ਮੰਤਵ ਲਈ ਉਹ ਨਿਰੋਲ ਕਲਪਨਾ ਤੋਂ ਕੰਮ ਨਹੀਂ ਲੈਂਦਾ ਸਗੋਂ ਪ੍ਰਚੱਲਤ ਇਤਿਹਾਸ ਅਤੇ ਮਿਥਿਹਾਸ ਵਿਚ ਪੇਸ਼ ਹੋਏ ਪ੍ਰਸੰਗਾਂ ਦੀ ਪੁਣ-ਛਾਣ ਕਰਦਾ ਹੈ ਅਤੇ ਹਾਸ਼ੀਆਕ੍ਰਿਤ ਇਤਿਹਾਸ ਦੀਆਂ ਪਰਤਾਂ ਫਰੋਲਣ ਦਾ ਜਤਨ ਕਰਦਾ ਹੈ। ਇਸੇ ਲਈ ਇਹ ਨਾਵਲ ਨਿਰੋਲ ਗਲਪ ਦੀ ਸੀਮਾ ਨੂੰ ਉਲੰਘ ਜਾਂਦਾ ਹੈ।

ਮਨਮੋਹਨ ਬਾਵਾ ਦੀ ਗਲਪ-ਚੇਤਨਾ ਦਾ ਕਮਾਲ ਇਹ ਹੈ ਕਿ ਉਸਨੇ ਸਿਕੰਦਰ ਦੇ ਸੰਦਰਭ ਵਿਚ ਪੱਛਮੀ ਇਤਿਹਾਸਕਾਰਾਂ ਦੇ ਪੱਖ-ਪਾਤੀ ਨਜ਼ਰੀਏ ਦੀ ਪਰਖ-ਪੜਤਾਲ ਕੀਤੀ ਹੈ। ਮਿਸਾਲ ਵਜੋਂ ਯੂਨਾਨੀ ਅਤੇ ਹੋਰ ਪੱਛਮੀ ਇਤਿਹਾਸਕਾਰਾਂ ਨੇ ਸਿਕੰਦਰ ਨੂੰ ਆਪਣੇ ਸਭਿਆਚਾਰ ਦੀ ਤਰਜਮਾਨੀਕਰਨ ਵਾਲੇ ਜੇਤੂ ਨਾਇਕ ਦੇ ਰੂਪ ਵਿਚ ਚਿਤਰਿਆ ਹੈ। ਉਨ੍ਹਾਂ ਦਾ ਸਿਕੰਦਰ ਵਰਗੇ ਧਾੜਵੀ ਨੂੰ ਸਿਕੰਦਰ ਮਹਾਨ ਆਖਣਾ ਸੁਭਾਵਕ ਵੀ ਹੈ ਅਤੇ ਇਕ ਵਿਸ਼ੇਸ਼ ਭਾਂਤ ਦੇ ਪੂਰਬ-ਆਗ੍ਰਹਿ ਤੇ ਪੱਖਪਾਤ ਦਾ ਸਬੂਤ ਵੀ ਹੈ। ਮਨਮੋਹਨ ਬਾਵਾ ਨੇ ਪੱਛਮੀ ਇਤਿਹਾਸਕ ਪ੍ਰਵਚਨ ਦੇ ਅੰਤਰਗਤ ਸਿਕੰਦਰ ਦੇ ਸਥਾਪਿਤ ਬਿੰਬ ਨੂੰ ਤੋੜਦਿਆਂ ਦੂਸਰੇ ਦਾ ਪ੍ਰਵਚਨ (discourse of the other) ਉਸਾਰਨ ਦੀ

ਚੇਸ਼ਟਾ ਕੀਤੀ ਹੈ। ਇਹ ਨਾਵਲ ਆਪਣੀ ਬਿਰਤਾਂਤਕ ਜੁਗਤ ਅਤੇ ਗਲਪੀ ਸਟ੍ਰੈਟਿਜੀ ਰਾਹੀਂ ਦਮਿਤ ਜਾਂ ਹਾਸ਼ੀਆਕ੍ਰਿਤ ਇਤਿਹਾਸ ਦਾ ਪ੍ਰਵਚਨ ਉਸਾਰਦਾ ਹੈ। ਇਸ ਮੰਤਵ ਲਈ ਉਸਨੇ ਸਿਕੰਦਰ ਦੇ ਸਮਕਾਲੀ ਜੀਵਨੀਕਾਰਾਂ/ਇਤਿਹਾਸਕਾਰਾਂ ਅਤੇ ਯੂਰਪ ਦੇ ਪਰਵਰਤੀ ਇਤਿਹਾਸਕਾਰਾਂ ਦੀ ਟੈਕਸਟ ਨੂੰ ਗ਼ੈਰ-ਯੂਰਪੀ ਇਤਿਹਾਸਕ ਸੋਮਿਆਂ ਦੇ ਤੁਲਨਾਤਮਕ ਅਧਿਐਨ ਰਾਹੀਂ ਉਚਿਤ ਪਰਿਪੇਖ ਵਿਚ ਰੱਖ ਕੇ ਵਾਚਣ ਦਾ ਉਪਰਾਲਾ ਕੀਤਾ ਹੈ। ਇਕ ਤਰ੍ਹਾਂ ਨਾਲ ਉਸਨੇ ਯੂਰਪੀ ਇਤਿਹਾਸਕਾਰਾਂ ਦੇ ਪ੍ਰਵਚਨ ਵਿਚਲੇ ਖੱਪਿਆਂ ਨੂੰ ਪੂਰਦਿਆਂ ਅਤੇ ਵਿਵੇਕਪੂਰਣ ਢੰਗ ਨਾਲ ਉਨ੍ਹਾਂ ਦੇ ਅੰਤਰ-ਨਿਹਤ ਪੱਖਪਾਤ ਨੂੰ ਉਘਾੜਦਿਆਂ ਉਸ ਅਣਕਹੇ ਇਤਿਹਾਸ ਨੂੰ ਉਸਾਰਨ ਦਾ ਜਤਨ ਕੀਤਾ ਹੈ ਜੋ ਹਾਰ ਕੇ ਵੀ ਹਾਰ ਨਾ ਮੰਨਣ ਵਾਲੇ ਯੋਧਿਆਂ ਦੀ ਮਾਨਸਿਕਤਾ ਨੂੰ ਉਜਾਗਰ ਕਰਦਾ ਹੈ।

ਇਸ ਤਰ੍ਹਾਂ ਇਹ ਨਾਵਲ ਆਪਣੇ ਸਮਾਨੰਤਰ ਪ੍ਰਵਚਨ ਰਾਹੀਂ ਉਸ ਦੂਸਰੇ ਇਤਿਹਾਸ ਦੀ ਸਿਰਜਣਾ ਕਰਦਾ ਹੈ ਜੋ ਤਾਨਾਸ਼ਾਹੀ ਪੱਛਮੀ ਪ੍ਰਵਚਨ ਦੇ ਦਮਨ ਦਾ ਸ਼ਿਕਾਰ ਹੋ ਕੇ ਮੁਕਾਬਲਤਨ ਖ਼ਾਮੋਸ਼ ਰਿਹਾ ਹੈ। ਮਹੱਤਵਪੂਰਣ ਗੱਲ ਇਹ ਹੈ ਕਿ ਇਸ ਮੰਤਵ ਲਈ ਲੇਖਕ ਨੇ ਵਿਦੇਸ਼ੀ ਪੱਖਪਾਤ ਦੀ ਥਾਵੇਂ ਦੇਸੀ ਜਾਂ ਕੌਮੀ ਪੱਖਪਾਤ ਨੂੰ ਉਭਾਰਨ ਦਾ ਜਤਨ ਨਹੀਂ ਕੀਤਾ ਸਗੋਂ ਵੱਖ ਵੱਖ ਸੋਮਿਆ ਤੋਂ ਪ੍ਰਾਪਤ ਇਤਿਹਾਸਕ ਸਮੱਗਰੀ ਦਾ ਖੋਜਪੂਰਣ ਅਧਿਐਨ ਕਰਦਿਆਂ ਸੰਭਾਵੀ ਸਿੱਟਿਆਂ ਤਕ ਪਹੁੰਚਣ ਦੀ ਚੇਸ਼ਟਾ ਕੀਤੀ ਹੈ। ਇਸ ਤਰ੍ਹਾਂ ਉਸਨੇ ਗਲਪ ਅਤੇ ਇਤਿਹਾਸ ਦੀ ਸੀਮਾ ਰੇਖਾ ਨੂੰ ਮੇਟਣ ਦਾ ਜਤਨ ਕੀਤਾ ਹੈ।

ਇਸ ਨਾਵਲ ਦੀ ਵਿਸ਼ੈਗਤ ਸਾਰਥਕਤਾ ਦਾ ਮੂਲ ਆਧਾਰ ਇਸ ਵਿਚਲੇ ਮੁੱਖ-ਪਾਤਰ (ਅਜੈ ਮਿੱਤਰ) ਦੀ ਚਰਿਤਰਕ ਬਣਤਰ ਅਤੇ ਕਾਰਜ-ਵਿਧੀ ਉੱਪਰ ਟਿਕਿਆ ਹੋਇਆ ਹੈ। ਇਹ ਪਾਤਰ ਤਾਂ ਬਾਵੇਂ ਕਲਪਿਤ ਹੈ ਪਰ ਜਿਨ੍ਹਾਂ ਸਥਿਤੀਆਂ ਅਤੇ ਪਰਿਸਥਿਤੀਆਂ ਵਿਚ ਉਸਦੀ ਸੰਕਲਪਨਾ ਕੀਤੀ ਗਈ ਹੈ ਉਹ ਤਤਕਾਲੀ ਇਤਿਹਾਸ ਦੀ ਵਾਸਤਵਿਕਤਾ ਦੇ ਬਹੁਤ ਨੇੜੇ ਹਨ। ਇਸ ਬਾਰੇ ਨਾਵਲ ਦੀ ਭੂਮਿਕਾ ਵਿਚ ਲੇਖਕ ਨੇ ਨਿਮਨ-ਅਕਿਤ ਕਥਨ ਕੀਤਾ ਹੈ –

"ਮੈਂ ਇਤਿਹਾਸ ਦੀ ਇਕ ਪੁਸਤਕ ਵਿਚ ਪੜ੍ਹਿਆ ਸੀ ਕਿ ਰਾਜਾ ਪੋਰਸ ਨਾਲ ਯੁੱਧ ਕਰਨ ਤੋਂ ਬਾਅਦ ਸਿਕੰਦਰ ਨੂੰ ਇਕ ਬਹੁਤ ਵੱਡੀ ਲੜਾਈ **ਕੱਠ** ਨਾਮ ਦੇ ਲੋਕਾਂ ਨਾਲ ਲੜਨੀ ਪਈ ਸੀ ਜਿਨ੍ਹਾਂ ਦਾ ਬਿਆਸ ਅਤੇ ਰਾਵੀ ਵਿਚਕਾਰਜਡਾਲ ਜਾਂ ਜੰਡਾਲ ਨਾਮ ਦਾ ਇਕ ਦੁਰਗ ਵੀ ਸੀ। ਇਹ ਵੀ ਪੜ੍ਹਿਆ ਸੀ ਕਿ ਇਹ ਇਕ ਜਨਪਦ ਸੀ ਜਿਨ੍ਹਾਂ ਨੇ ਸਿਕੰਦਰ ਦਾ ਬਹੁਤ ਵੀਰਤਾ ਨਾਲ ਮੁਕਾਬਲਾ ਕਰਦਿਆਂ ਉਸਦੀ ਫੌਜ ਨੂੰ ਬਹੁਤ ਨੁਕਸਾਨ ਪੁਚਾਇਆ। ਇਸ ਘਮਾਸਾਨ ਯੁੱਧ ਤੋਂ ਬਾਅਦ ਯੂਨਾਨੀ ਸੈਨਾ ਦਾ ਮਨੋਬਲ ਇੰਨਾ ਟੁੱਟ ਗਿਆ ਕਿ ਬਿਆਸ ਨਦੀ ਦੇ ਕੰਢੇ ਤੇ ਪਹੁੰਚ ਕੇ ਉਸਦੀ ਸੈਨਾ ਨੇ ਅੱਗੇ ਵਧਣ ਤੋਂ ਇਨਕਾਰ ਕਰ ਦਿੱਤਾ . . . ਇਤਿਹਾਸਕਾਰਾਂ ਨੇ ਇਹ ਵੀ ਪ੍ਰਮਾਣਿਤ ਕਰ ਲਿਆ ਕਿ ਇਹ ਜਡਾਲਾ ਜਾਂ ਜੰਡਾਲਾ ਸ਼ਹਿਰ ਹੋਰ ਕੋਈ ਨਹੀਂ ਬਲਕਿ ਜੰਡਿਆਲਾ ਗੁਰੂ ਹੀ ਸੀ।"

(ਯੁੱਧ-ਨਾਦ, ਪੰਨਾ – 17)

ਇਸ ਤਰ੍ਹਾਂ ਲੇਖਕ ਨੇ ਅਜੈ ਮਿੱਤਰ ਨੂੰ ਇਸੇ ਕੱਠ ਜਨਪਦ ਨਾਲ ਸੰਬੰਧਿਤ ਕੀਤਾ ਹੈ। ਪਰ ਇਹ ਪਾਤਰ ਕਲਪਿਤ ਹੁੰਦਾ ਹੋਇਆ ਵੀ ਨਿਰੋਲ ਕਲਪਿਤ ਨਹੀਂ ਰਹਿੰਦਾ ਸਗੋਂ ਯਥਾਰਥ ਦੀ ਵਾਸਤਵਿਕਤਾ ਨੂੰ ਰੂਪਮਾਨ ਕਰਨ ਵਾਲੀ ਕਲਾਤਮਕ ਜੁਗਤ ਬਣ ਜਾਂਦਾ ਹੈ। ਦੇਖਿਆ ਜਾਵੇ ਤਾਂ ਅਜੈ ਮਿੱਤਰ ਪੰਜਾਬੀਅਤ ਦੇ ਸੰਦਰਭ ਵਿਚ ਇਕ ਆਦਰਸ਼

ਨਾਇਕ ਦਾ ਦਰਜਾ ਗ੍ਰਹਿਣ ਕਰ ਜਾਂਦਾ ਹੈ। ਉਹ ਪੰਜਾਬੀ ਸੁਭਾ ਦੇ ਮੀਰੀ ਗੁਣਾਂ ਦੀ ਪ੍ਰਤਿਨਿਧਤਾ ਕਰਦਾ ਹੈ। ਉਹ ਹਾਰ ਕੇ ਵੀ ਹਾਰ ਨਾ ਮੰਨਣ ਵਾਲਾ - ਅਜੈ - ਵੀ ਹੈ ਅਤੇ ਇਨਸਾਨ-ਦੋਸਤੀ ਦਾ ਹਾਮੀ - ਮਿੱਤਰ - ਵੀ ਹੈ। ਇਸ ਤਰ੍ਹਾਂ ਨਾਵਲਕਾਰ ਨੇ ਇਕ ਅਜਿਹੇ ਸਭਿਆਚਾਰਕ ਨਾਇਕ ਦੀ ਸੰਕਲਪਨਾ ਕੀਤੀ ਹੈ ਜਿਹੜਾ ਆਪਣੇ ਨਾਮ ਦੀ ਪ੍ਰਤੀਕਾਤਮਕਤਾ ਰਾਹੀਂ ਸਪਤ-ਸਿੰਧੂ ਦੇ ਵਸਨੀਕਾਂ ਦੀ ਗੌਰਵਮਈ ਵਿਰਾਸਤ ਨੂੰ ਵੀ ਮੂਰਤੀਮਾਨ ਕਰਦਾ ਹੈ। ਇਸਤੋਂ ਇਲਾਵਾ ਇਹ ਪ੍ਰਾਚੀਨ ਭਾਰਤ ਦੇ ਉੱਤਰ-ਪੂਰਬ ਵਿਚ ਫੈਲੇ ਹੋਏ ਜਨਪਦਾਂ ਦੀ ਲੋਕ-ਤੰਤਰੀ ਰਵਾਇਤਾਂ ਵਲ ਵੀ ਸੰਕੇਤ ਕਰਦਾ ਹੈ ਜਿਨ੍ਹਾਂ ਦੀਆਂ ਆਪੋ ਆਪਣੀਆਂ ਖੇਤਰੀ ਅਤੇ ਸਭਿਆਚਾਰਕ ਰਵਾਇਤਾਂ ਹਨ। ਇਨ੍ਹਾਂ ਛੋਟੇ ਛੋਟੇ ਜਨਪਦਾਂ ਦੀ ਹੋਂਦ ਨੂੰ ਨਵੇਂ ਉੱਭਰ ਰਹੇ ਰਜਵਾੜਾਸ਼ਾਹੀ ਤੰਤਰ ਤੋਂ ਖਤਰਾ ਵਿਆਪਿਆ ਹੋਇਆ ਹੈ। ਇਸਦੇ ਨਾਲ ਹੀ ਪਰਸਪਰ ਵੈਰ-ਵਿਰੋਧ ਕਾਰਣ ਇਨ੍ਹਾਂ ਦੀ ਸ਼ਕਤੀ ਖੀਣ ਹੁੰਦੀ ਜਾ ਰਹੀ ਹੈ। ਨਾਵਲਕਾਰ ਨੇ ਇਸ ਸਮੁੱਚੇ ਪ੍ਰਸੰਗ ਨੂੰ ਬੜੀ ਸੂਖਮਤਾ ਅਤੇ ਵਿਵੇਕਪੂਰਣ ਢੰਗ ਨਾਲ ਚਿਤਰਿਆ ਹੈ।

ਇਸ ਨਾਵਲ ਦੀ ਵਿਸ਼ੈਗਤ ਸਾਰਥਕਤਾ ਦਾ ਇਕ ਹੋਰ ਮਹੱਤਵਪੂਰਣ ਪੱਖ ਇਸ ਵਿਚਲੇ ਪਿਆਰ-ਪ੍ਰਸੰਗਾਂ ਦੀ ਪੇਸ਼ਕਾਰੀ ਨਾਲ ਸੰਬੰਧਿਤ ਹੈ। ਲੇਖਕ ਨੇ ਇੱਥੇ ਪਿਆਰ-ਸੰਬੰਧਾਂ ਦੀ ਇਕ ਅਨੋਖੀ ਤਿਕੋਨੀ ਸਥਤੀ ਨੂੰ ਮੂਰਤੀਮਾਨ ਕੀਤਾ ਹੈ। ਇਸਦਾ ਸੰਬੰਧ ਮੁੱਖ ਤੌਰ ਤੇ ਅਜੈ-ਦੇਵਯਾਨੀ-ਮਾਧਵੀ ਵਿਚਲੇ ਤਿਕੋਨੇ ਸੰਬੰਧਾਂ ਨਾਲ ਹੈ। ਦਿਲਚਸਪ ਗੱਲ ਇਹ ਹੈ ਕਿ ਨਾਵਲ ਵਿਚ ਪੇਸ਼ ਹੋਈ ਇਹ ਤਿਕੋਨੀ ਸਥਿਤੀ ਪਰਸਪਰ ਈਰਖਾ ਅਤੇ ਦਵੇਸ਼ ਉੱਤੇ ਆਧਾਰਿਤ ਨਹੀਂ ਸਗੋਂ ਸਹਿਜ ਰੂਪ ਵਿਚ ਉਪਜਦੇ ਵਿਗਸਦੇ ਸੰਵੇਦਨਸ਼ੀਲ ਰਿਸ਼ਤਿਆਂ ਦੀ ਦਾਸਤਾਨ ਬਣ ਕੇ ਪੇਸ਼ ਹੁੰਦੀ ਹੈ। ਸਿਕੰਦਰੀ ਫੌਜਾਂ ਦੀ ਧਾੜਵੀ ਕਾਰਵਾਈ ਦੌਰਾਨ ਬੰਦੀ ਬਣਾਈ ਗਈ ਮਾਧਵੀ ਦੁਸ਼ਮਣ ਦੀਆਂ ਵਿਲਾਸੀ ਨਜ਼ਰਾਂ ਵਿਚ ਘਿਰੀ ਹੋਈ ਹੈ। ਜਦੋਂ ਉਹ ਆਪਣੀ ਇੱਜ਼ਤ-ਆਬਰੂ ਬਚਾਉਣ ਦੇ ਮਨਸੂਬੇ ਬਣਾ ਰਹੀ ਹੈ ਤਾਂ ਉਸਦੀ ਮੁਲਾਕਾਤ ਅਜੈ ਨਾਲ ਹੁੰਦੀ ਹੈ। ਇਥੋਂ ਹੀ ਉਨ੍ਹਾਂ ਵਿਚਕਾਰ ਹਮਦਰਦੀ ਅਤੇ ਸਨੇਹ ਦੀਆਂ ਭਾਵਨਾਵਾਂ ਜਨਮ ਲੈਂਦੀਆਂ ਹਨ। ਇਹੀ ਜਜ਼ਬਾਤੀ ਸਾਂਝ ਪ੍ਰਚੰਡ ਹੋਕੇ ਮੁਹੱਬਤ ਵਿਚ ਬਦਲ ਜਾਂਦੀ ਹੈ। ਲੇਖਕ ਨੇ ਦੋਹਾਂ ਦੇ ਇਸ ਮੁਹੱਬਤੀ ਰਿਸ਼ਤੇ ਨੂੰ ਜਿਸਮ ਅਤੇ ਰੂਹ ਦੇ ਸੰਜੋਗੀ ਮੇਲ ਵਾਂਗ ਚਿਤਰਿਆ ਹੈ। ਇਸਦੇ ਬਿਰਤਾਂਤ ਵਿਚ ਲਰਜ਼ਦੇ ਪਲਾਂ ਦੀ ਬਿਹਬਲਤਾ ਵੀ ਹੈ ਅਤੇ ਮਹਿਰੂਮੀ ਨਾਲ ਸਹਿਕਦੇ ਦਿਲਾਂ ਦੀ ਖ਼ਾਮੋਸ਼ ਧੜਕਨ ਵੀ। ਇਧਰ ਦੇਵਯਾਨੀ ਅਜੈ ਨਾਲ ਆਪਮੁਹਾਰੇ ਜੁੜੇ ਪਿਆਰ ਸੰਬੰਧ ਦਾ ਨਿੱਘ ਮਾਨਣ ਤੋਂ ਬਾਅਦ ਕਿਸੇ ਹੋਰ ਨਾਲ ਵਿਆਹੀ ਜਾਂਦੀ ਹੈ। ਉਹ ਵਿਛੋੜੇ ਦੀ ਇਸ ਚੀਸ ਨੂੰ ਖ਼ਾਮੋਸ਼ੀ ਨਾਲ ਜਰਦੀ ਹੈ। ਲੇਖਕ ਨੇ ਇਨ੍ਹਾਂ ਤਿੰਨਾਂ ਪਾਤਰਾਂ ਦੇ ਬਣਦੇ, ਵਿਗਸਦੇ, ਜੁੜਦੇ ਟੁੱਟਦੇ ਪਿਆਰ-ਸੰਬੰਧਾਂ ਦੀ ਸਥਿਤੀ ਅਤੇ ਮਾਨਸਿਕਤਾ ਨੂੰ ਨੀਝ ਨਾਲ ਚਿਤਰਿਆ ਹੈ ਅਤੇ ਉਸਦਾ ਮਨੋਵਿਸ਼ਲੇਸ਼ਣ ਵੀ ਕੀਤਾ ਹੈ।

ਇਸੇ ਤਰ੍ਹਾਂ ਇਸ ਨਾਵਲ ਦੀ ਵਿਸ਼ੈਗਤ ਸਾਰਥਕਤਾ ਨਾਲ ਜੁੜਿਆ ਹੋਇਆ ਇਸਦਾ ਇਕ ਹੋਰ ਪਹਿਲੂ ਵੀ ਹੈ ਜੋ ਇਸਨੂੰ ਦਾਰਸ਼ਨਿਕ ਚਿੰਤਨ ਦੇ ਖੇਤਰ ਨਾਲ ਸੰਬੰਧਿਤ ਕਰ ਦਿੰਦਾ ਹੈ। ਰਚਨਾ ਵਿਚਲਾ ਇਹ ਸੰਦਰਭ ਵੈਦਿਕ ਹਿੰਦੂ ਪਰੰਪਰਾ ਅਤੇ ਬੌਧ ਚਿੰਤਨ ਦੇ ਸੰਵਾਦ ਨਾਲ ਜੁੜਿਆ ਹੋਇਆ ਹੈ ਜੋ ਤਤਕਾਲੀਨ ਯਥਾਰਥ ਦੀ ਪ੍ਰਤਿਨਿਧਤਾ ਕਰਦਾ ਹੈ। ਇਸ ਸਥਿਤੀ ਨੂੰ ਲੇਖਕ ਨੇ ਇਕ ਅਰਧ-ਕਲਪਿਤ ਪਾਤਰ - ਕਾਲਜਿਤ - ਦੇ ਮਾਧਿਅਮ ਰਾਹੀ ਮੂਰਤੀਮਾਨ ਕੀਤਾ ਹੈ। ਸਿਕੰਦਰ ਬਾਰੇ ਪ੍ਰਚੱਲਤ ਲੋਕ ਕਥਾਵਾਂ ਵਿਚ ਵੀ ਇਸੇ ਕਿਸਮ ਦੇ ਇਕ ਸਾਧੂ ਜਾਂ ਸ਼੍ਰਮਣ ਦਾ ਹਵਾਲਾ ਮਿਲਦਾ ਹੈ।

ਕਾਲਜਿਤ ਸਿਕੰਦਰ ਵਰਗੇ ਅਖੌਤੀ ਸੰਸਾਰ ਵਿਜੇਤਾ ਦੀਆਂ ਅੱਖਾਂ ਵਿਚ ਅੱਖਾਂ ਪਾਕੇ ਮਨੁੱਖੀ ਜੀਵਨ ਦਾ ਪਰਮ ਸੱਚ ਉਚਾਰ ਸਕਦਾ ਹੈ। ਜਦੋਂ ਉਸਨੂੰ ਆਪਣੀ ਦਿੱਵ-ਦ੍ਰਿਸ਼ਟੀ ਨਾਲ ਧਾੜਵੀ ਵਿਜੇਤਾ ਦੀ ਮਾਰੂਥਲ ਵਲ ਵਧਦੀ ਯਾਤਰਾ ਦਾ ਅੰਤ ਨਜ਼ਰ ਆ ਜਾਂਦਾ ਹੈ ਤਾਂ ਉਹ ਅਗਨ ਸਮਾਧੀ ਲੈ ਲੈਂਦਾ ਹੈ। ਇਸ ਤਰ੍ਹਾਂ ਜੀਵਨ ਦੀ ਨਾਸ਼ਮਾਨਤਾ ਅਤੇ ਦੈਵੀ ਨਿਆਂ ਦੇ ਬੋਲਾਂ ਰਾਹੀਂ ਉਹ ਸਾਮਰਾਜੀ ਬਸਤੀਵਾਦ ਦੀ ਅੰਤਿਮ ਹੋਣੀ ਦਾ ਅਹਿਸਾਸ ਜਗਾਉਂਦਾ ਹੈ। ਜਦੋਂ ਅਸੀਂ ਨਾਲੀ ਬਿਰਤਾਂਤ ਦੇ ਇਸ ਪ੍ਰਸੰਗ ਨੂੰ ਗਹੁ ਨਾਲ ਵਾਚਦੇ ਹਾਂ ਤਾਂ ਇਸ ਵਿਚੋਂ ਪੱਛਮੀ ਅਤੇ ਪੂਰਬੀ ਪ੍ਰਵਚਨ ਦੇ ਸੰਵਾਦ ਦੀ ਗੂੰਜ ਸੁਣਾਈ ਦਿੰਦੀ ਹੈ।

ਸਮੁੱਚੇ ਤੌਰ ਤੇ ਆਖਿਆ ਜਾ ਸਕਦਾ ਹੈ ਕਿ ਮਨਮੋਹਨ ਬਾਵਾ ਦਾ ਇਹ ਨਾਵਲ ਸਮਕਾਲੀ ਪੰਜਾਬੀ ਬਿਰਤਾਂਤ ਦੀ ਮਹੱਵਪੂਰਣ ਗਲਪੀ ਟੈਕਸਟ ਹੈ। ਇਤਿਹਾਸਕ ਨਾਵਲ ਦੀ ਵਿਧਾ ਅਨੁਸਾਰ ਰਚਿਆ ਗਿਆ ਇਹ ਨਾਵਲ ਇਕ ਅਜਿਹਾ ਮਹਾਕਾਵਿਕ ਬਿਰਤਾਂਤ ਹੈ ਜੋ ਪੰਜਾਬ ਅਤੇ ਭਾਰਤ ਦੇ ਅਤੀਤ ਕਾਲੀ ਇਤਿਹਾਸ ਨੂੰ ਗਲਪ ਦੇ ਮਾਧਿਅਮ ਰਾਹੀਂ ਪੁਨਰ-ਸਿਰਜਿਤ ਕਰਦਾ ਹੈ। ਇਹ ਅਜੈ ਮਿੱਤਰ ਦੇ ਕਲਪਿਤ ਪਾਤਰ ਰਾਹੀਂ ਇਕ ਅਜਿਹੇ ਸਭਿਆਚਾਰਕ ਨਾਇਕ ਦੀ ਸਿਰਜਣਾ ਕਰਦਾ ਹੈ ਜੋ ਮਿੱਥ ਅਤੇ ਇਤਿਹਾਸ ਦੇ ਹਵਾਲੇ ਨਾਲ ਪੰਜਾਬੀ ਮਾਨਸਿਕਤਾ ਦੇ ਨੈਣ ਨਕਸ਼ ਉਲੀਕਦਾ ਹੈ। ਨਿਸ਼ਚੇ ਹੀ ਇਹ ਰਚਨਾ ਸਮਕਾਲੀ ਪੰਜਾਬੀ ਨਾਵਲ ਦੇ ਖੇਤਰ ਦੀ ਇਕ ਮਹਤਵਪੂਰਣ ਪ੍ਰਾਪਤੀ ਹੈ।